# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 24-07-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਲੰਡਨ ਵਿੱਚ ਆਪਣੇ ਬਰਤਾਨਵੀ ਹਮਰੁਤਬਾ ਕੀਰ ਸਟਾਰਮਰ ਨਾਲ ਗੱਲਬਾਤ ਕਰਨਗੇ। ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਸਬੰਧਾਂ ਵਿੱਚ ਇੱਕ ਨਵੀਂ ਗਤੀ ਦੇਣ 'ਤੇ ਵਿਆਪਕ ਗੱਲਬਾਤ ਹੋਣ ਦੀ ਉਮੀਦ ਏ । ਪ੍ਰਧਾਨ ਮੰਤਰੀ ਮੋਦੀ ਰੱਖਿਆ, ਵਪਾਰ ਅਤੇ ਤ੍ਰਕਨੌਲ੍ਜੀ ਦੇ ਖੇਤਰਾਂ ਵਿੱਚ ਦੁਵੱਲੇ ਸਬੰਧਾਂ ਨੂੰ ਵਧਾਉਣ ਲਈ ਕੱਲ੍ਹ ਰਾਤ ਦੋ ਦਿਨਾਂ ਦੇ ਦੌਰੇ 'ਤੇ ਬਰਤਾਨੀਆ ਪਹੁੰਚੇ। ਦੋਵੇਂ ਦੇਸ਼ ਇੱਕ ਇਤਿਹਾਸਕ ਆਜ਼ਾਦ ਵਪਾਰ ਸਮਝੌਤੇ (FTA) 'ਤੇ ਵੀ ਦਸਤਖਤ ਕਰਨਗੇ। ਤਿੰਨ ਸਾਲਾਂ ਦੀ ਗੱਲਬਾਤ ਤੋਂ ਬਾਅਦ ਅੰਤਿਮ ਰੂਪ ਲੈਣ ਵਾਲੇ ਇਸ ਵਪਾਰ ਸਮਝੌਤੇ ਤੋਂ ਸਾਰੇ ਖੇਤਰਾਂ ਵਿੱਚ ਭਾਰਤੀ ਵਸਤੂਆਂ ਲਈ ਵਿਆਪਕ ਬਾਜ਼ਾਰ ਪਹੁੰਚ ਯਕੀਨੀ ਬਣਾਉਣ ਦੀ ਉਮੀਦ ਏ ਅਤੇ ਭਾਰਤ ਨੂੰ ਲਗਭਗ 100 ਫੀਸਦੀ ਵਪਾਰਕ ਮੁੱਲਾਂ ਨੂੰ ਕਵਰ ਕਰਨ ਵਾਲੇ

ਕਰੀਬ 99 ਫੀਸਦੀ ਉਤਪਾਦ ਸ਼੍ਰੇਣੀਆਂ 'ਤੇ ਟੈਰਿਫ ਖਤਮ ਕਰਨ ਤੋਂ ਲਾਭ ਹੋਵੇਗਾ। ਪੇਸ਼ ਏ ਸਾਡੇ ਪੱਤਰਕਾਰ ਦੀ ਇੱਕ ਰਿਪੋਰਟ:-

BYTE

---------------------------------------------------

ਸਰਹੱਦ ਪਾਰ ਨਾਰਕੋ-ਡਰੋਨ ਗਤੀਵਿਧੀਆਂ ਵਿਰੁੱਧ ਆਪਣੀ ਅਣਥੱਕ ਮੁਹਿੰਮ ਵਿੱਚ, ਬੀਐਸਐਫ ਨੇ ਇੱਕ ਹੋਰ ਮਹੱਤਵਪੂਰਨ ਸਫਲਤਾ ਪ੍ਰਾਪਤ ਕਰਦਿਆਂ ਬੀਤੇ ਕਲ੍ਹ ਅੰਮ੍ਰਿਤਸਰ ਵਿੱਚ ਦੋ ਡਰੋਨ ਅਤੇ ਹੈਰੋਇਨ ਬਰਾਮਦ ਕੀਤੇ ਨੇ. ਕਲ੍ਹ ਦੁਪਹਿਰ ਵੇਲੇ, ਅੰਮ੍ਰਿਤਸਰ ਸਰਹੱਦ 'ਤੇ ਤਾਇਨਾਤ ਜਵਾਨਾਂ ਨੇ 2 ਪਾਕਿਸਤਾਨੀ ਡਰੋਨਾਂ ਦਾ ਪਤਾ ਲਾਇਆ ਅਤੇ ਸਫਲਤਾ ਨਾਲ ਓਹਨਾਂ ਨੂੰ ਬੇਅਸਰ ਕਰ ਦਿੱਤਾ। ਬੀਐਸਐਫ ਦੇ ਜਵਾਨਾਂ ਨੇ ਪਿੰਡ- ਧਨੋਏ ਕਲਾਂ ਦੇ ਨੇੜੇ ਸ਼ੱਕੀ ਖੇਤਰ ਵਿੱਚ ਇੱਕ ਤੇਜ਼ ਖੋਜ ਮੁਹਿੰਮ ਸ਼ੁਰੂ ਕੀਤੀ, ਜਿਸ ਦੇ ਨਤੀਜੇ ਵਜੋਂ 2 ਡਰੋਨ ਤੇ 560 ਗ੍ਰਾਮ ਦਾ ਹੈਰੋਇਨ ਦਾ ਇੱਕ ਪੈਕੇਟ ਬਰਾਮਦ ਕੀਤਾ. ਇਹ ਬਰਾਮਦਗੀਆਂ ਸਰਹੱਦ ਪਾਰੋਂ ਕੰਮ ਕਰ ਰਹੇ ਪਾਕਿਸਤਾਨੀ ਡਰੱਗ ਸਿੰਡੀਕੇਟਾਂ ਦੀਆਂ

ਨਾਪਾਕ ਗਤੀਵਿਧੀਆਂ ਨੂੰ ਅਸਫਲ ਕਰਨ ਵਿੱਚ ਬੀਐਸਐਫ ਦੇ ਜਵਾਨਾਂ ਦੀ ਚੌਕਸੀ ਅਤੇ ਵਚਨਬੱਧਤਾ ਨੂੰ ਉਜਾਗਰ ਕਰਦੀਆਂ ਨੇ.

-----------------------------------------------------------

ਅੰਮ੍ਰਿਤਸਰ ਦੇ ਤਰਨਤਾਰਨ ਰੋਡ ਨੇੜੇ ਪਿੰਡ ਗਿੱਲਵਾਲੀ ਵਿਚ ਸਥਿਤ ਇਕ ਨਕਲੀ ਦੇਸੀ ਘਿਉ ਬਣਾਉਣ ਵਾਲੀ ਫੈਕਟਰੀ 'ਤੇ ਸਿਹਤ ਵਿਭਾਗ ਅਤੇ ਪੁਲਿਸ ਵੱਲੋਂ ਕਾਰਵਾਈ ‘ਚ ਛਾਪਾ ਮਾਰਿਆ ਗਿਆ। ਇਹ ਫੈਕਟਰੀ "ਜੀਕੇ ਫੂਡ" ਨਾਂਅ ਹੇਠ ਚਲ ਰਹੀ ਸੀ, ਜਿੱਥੇ ਵਨਸਪਤੀ ਅਤੇ ਰਿਫਾਇੰਡ ਤੇ ਕੈਮੀਕਲ ਮਿਲਾ ਕੇ ਨਕਲੀ ਦੇਸੀ ਘਿਉ ਤਿਆਰ ਕੀਤਾ ਜਾ ਰਿਹਾ ਸੀ। ਫੂਡ ਸਪਲਾਈ ਵਿਭਾਗ ਦੇ ਅਧਿਕਾਰੀ ਲਖਵਿੰਦਰ ਸਿੰਘ ਨੇ ਦੱਸਿਆ ਕਿ ਇਹ ਘਿਉ ਗੁਰਦੁਆਰਾ ਸਾਹਿਬਾਂ ਦੇ ਨੇੜੇ ਅਤੇ ਦਰਬਾਰ ਸਾਹਿਬ ਜਿਹੇ ਪਵਿੱਤਰ ਥਾਵਾਂ 'ਤੇ ਵੀ ਖੁੱਲ੍ਹੇ ਆਮ ਵੇਚਿਆ ਜਾ ਰਿਹਾ ਸੀ, ਜੋ ਕਿ ਨਾ ਸਿਰਫ ਸਿਹਤ ਨਾਲ ਖਿਲਵਾੜ ਏ ਸਗੋਂ ਧਾਰਮਿਕ ਆਸਥਾ ਨੂੰ ਵੀ ਠੇਸ ਪਹੁੰਚਾਉਂਦਾ ਏ । ਪੁਲਿਸ ਅਧਿਕਾਰੀ ਹਰਸਿਮਰਪ੍ਰੀਤ ਕੌਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਫੀ ਸਮੇਂ ਤੋਂ ਇਸ ਫੈਕਟਰੀ 'ਤੇ ਨਜ਼ਰ ਰਖੀ ਜਾ ਰਹੀ ਸੀ। ਸਿਹਤ

ਵਿਭਾਗ ਨਾਲ ਰਲ ਕੇ ਛਾਪਾਮਾਰੀ ਕਰਦਿਆਂ ਇੱਥੋਂ ਵੱਡੀ ਮਾਤਰਾ ਵਿੱਚ ਨਕਲੀ ਘਿਉ ਬਰਾਮਦ ਕੀਤਾ ਗਿਆ। ਓਹਨਾਂ ਇਹ ਵੀ ਦੱਸਿਆ ਕਿ ਇਕ ਕਾਰੀਗਰ ਨੂੰ ਮੌਕੇ 'ਤੇ ਗ੍ਰਿਫਤਾਰ ਕੀਤਾ ਗਿਆ ਏ, ਜਦਕਿ ਫੈਕਟਰੀ ਦਾ ਮਾਲਕ ਵਿਕਰਮਜੀਤ ਸਿੰਘ ਮੌਕੇ ਤੋਂ ਫਰਾਰ ਹੋ ਗਿਆ। ਇਸ ਫੈਕਟਰੀ ਨੂੰ ਫਿਲਹਾਲ ਸੀਲ ਕਰ ਦਿੱਤਾ ਗਿਆ ਏ |.

-----------------------------------------------------

ਖੰਨਾ ਦੇ ਬੀਜਾ ਵਿੱਖੇ ਇਕ ਧਾਗਾ ਫੈਕਟਰੀ ਦੀ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ,ਜਿਸ ਕਾਰਨ ਡੇਢ ਦਰਜਨ ਫੈਕਟਰੀ ਮੁਲਾਜ਼ਮ ਜ਼ਖਮੀ ਹੋ ਗਏ. ਜ਼ਖਮੀਆਂ ਨੂੰ ਇਲਾਜ ਲਈ ਖੰਨਾ ਦੇ ਸਿਵਲ ਹਸਪਤਾਲ ਪਹੁੰਚਾਇਆ ਗਿਆ. ਜਾਣਕਾਰੀ ਅਨੁਸਾਰ ਧਾਗਾ ਫੈਕਟਰੀ ਦੀ ਮਿੰਨੀ ਬੱਸ, ਜੋ ਖੰਨਾ ਤੋਂ ਆ ਰਹੀ ਸੀ ਤੇ ਜਿਸ ਵਿੱਚ 25 ਦੇ ਕਰੀਬ ਔਰਤਾਂ ਸੁਆਰ ਸਨ, ਜਦੋਂ ਬੀਜਾ ਚੌਂਕ ਪਹੁੰਚੀ ਤਾਂ ਸਮਰਾਲਾ ਪਾਸਿਓਂ ਬਜਰੀ ਦਾ ਭਰਿਆ ਹੋਇਆ ਟਿੱਪਰ ਉਸ ਨਾਲ ਟਕਰਾ ਗਿਆ ਤੇ ਟੱਕਰ ਕਾਰਨ ਬਸ ਪਲਟ ਗਈ. ਮੌਕੇ ਤੇ ਮੌਜੂਦ ਲੋਕਾਂ ਨੇ ਦੱਸਿਆ ਹਾਦਸੇ ਦਾ ਮੁੱਖ ਕਾਰਨ ਤੇਜ਼ ਰਫ਼ਤਾਰ ਏ.  ਟਿੱਪਰ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ

---------------------------------------------------------------------

ਜੰਮੂ-ਕਸ਼ਮੀਰ ਵਿੱਚ ਸਲਾਨਾ ਸ੍ਰੀ ਅਮਰਨਾਥ ਜੀ ਯਾਤਰਾ ‘ਚ, ਹੁਣ ਤੱਕ 3. ਲਖ 42 ਹਜ਼ਾਰ ਤੋਂ ਵੱਧ ਯਾਤਰੀਆਂ ਨੇ ਪਵਿੱਤਰ ਗੁਫਾ ਦੇ ਦਰਸ਼ਨ ਕੀਤੇ ਨੇ ਜਦੋਂ ਕਿ 3 ਹਜ਼ਾਰ 500 ਸ਼ਰਧਾਲੂਆਂ ਦਾ ਇੱਕ ਨਵਾਂ ਜੱਥਾ ਅੱਜ ਜੰਮੂ ਦੇ ਭਗਵਤੀ ਨਗਰ ਯਾਤਰੀ ਨਿਵਾਸ ਤੋਂ ਕਸ਼ਮੀਰ ਵਿੱਚ ਸ੍ਰੀ ਅਮਰਨਾਥ ਜੀ ਯਾਤਰਾ ਲਈ ਦੋ ਅਧਾਰ ਕੈਂਪਾਂ ਵੱਲ ਵਾਦੀ ਲਈ ਰਵਾਨਾ ਹੋਇਆ। ਆਕਾਸ਼ਵਾਣੀ ਦੇ ਜੰਮੂ ਵਾਲੇ ਪੱਤਰਕਾਰ ਨੇ ਖਬਰ ਦਿੱਤੀ ਏ ਕਿ ਇਸ ਸਾਲ ਯਾਤਰਾ ਕਰਨ ਵਾਲੇ 3 ਲਖ 50 ਹਜ਼ਾਰ ਯਾਤਰੀਆਂ ਦਾ ਅਧਿਕਾਰਤ ਤੌਰ 'ਤੇ ਅਨੁਮਾਨਿਤ ਅੰਕੜਾ, ਅੱਜ ਹੀ ਪਾਰ ਹੋਣ ਜਾਣ ਦੀ ਉਮੀਦ ਏ, ਜਦੋਂ ਕਿ ਯਾਤਰਾ ਦੀ ਸਮਾਪਤੀ ਵਿੱਚ ਅਜੇ 17 ਦਿਨ ਬਾਕੀ ਨੇ. ਯਾਤਰਾ ਸ਼ਾਂਤੀਪੂਰਨ ਅਤੇ ਸੁਚਾਰੂ ਢੰਗ ਨਾਲ ਚੱਲ ਰਹੀ ਏ |

---------------------------------------------------------------------

.